ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,
ਐਸ. ਸੀ. ਓ ਨੰ. 104 -106, ਸੈਕਟਰ 34 ਏ, ਚੰਡੀਗੜ੍ਹ

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ) ਅਤੇ (ਐ ਸਿ)

ਮੀਮੋ ਨੰ ਐਮਸੀ/09/57651-57710
ਮਿਤੀ ਚੰਡੀਗੜ੍ਹ 10 ਅਗਸਤ, 2009

**ਵਿਸ਼ਾ ਪੰਜਾਬ ਰਾਜ ਦੇ ਸਾਰੇ ਸਕੂਲਾਂ ਵਿੱਚ ਪੰਜਵੀਂ ਤੋਂ ਦਸਵੀਂ ਕਲਾਸ ਦੇ ਵਿਦਿਆਰਥੀਆਂ ਦਾ ਟੈਸਟ ਲੈਣ ਬਾਰੇ ।**

1.0 ਆਪ ਜੀ ਦਾ ਧਿਆਨ ਇਸ ਦਫਤਰ ਦੇ ਮੀਮੋ ਨੰ ਐਸਐਸਏ/ਐਮਸੀ/2009/48902-48941 ਮਿਤੀ 29.6.2009 ਵੱਲ ਦਵਾਇਆ ਜਾਂਦਾ ਹੈ ।

2.0 ਉਕਤ ਪੱਤਰ ਦੇ ਰਾਹੀਂ ਆਪ ਜੀ ਨੂੰ ਸਰਕਾਰ ਵੱਲੋ ਲਏ ਗਏ ਫੈਸਲੇ, ਜਿਸ ਦੇ ਰਾਹੀਂ ਪੰਜਵੀਂ ਤੋ ਦਸਵੀਂ ਕਲਾਸਾਂ ਦੇ ਵਿਦਿਆਰਥੀਆਂ ਦੇ ਵੱਖ ਵੱਖ ਵਿਸ਼ਿਆਂ ਦਾ ਹਰ ਸੋਮਵਾਰ ਨੂੰ ਅਧਿਆਪਕਾਂ ਵੱਲੋ ਪੜ੍ਹਾਏ ਗਏ ਸਿਲੇਬਸ ਦਾ ਟੈਸਟ ਲੈਣ ਲਈ ਲਿਖਿਆ ਗਿਆ ਸੀ । ਇਸ ਮੁੱਦੇ ਨੂੰ ਮਹੀਨਾਵਾਰ ਮੀਟਿੰਗਾਂ ਵਿੱਚ ਵੀ ਵਿਚਾਰਿਆ ਗਿਆ ਹੈ ਪਰੰਤੂ ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਆਪ ਜੀ ਵੱਲੋਂ ਅੱਜੇ ਵੀ ਇਨ੍ਹਾਂ ਹੁਕਮਾਂ ਦੀ ਇੰਨ ਬਿੰਨ ਪਾਲਨਾ ਨਹੀਂ ਕੀਤੀ ਜਾ ਰਹੀਂ ਹੈ । ਮਿਸਾਲ ਦੇ ਤੌਰ ਤੇ ਮੁੱਖ ਦਫਤਰ ਵੱਲੋਂ ਭੇਜੇ ਗਏ ਪ੍ਰਸ਼ਨ ਪੱਤਰਾਂ ਨੂੰ ਜਿੰਮੇਵਾਰੀ ਨਾਲ ਨਹੀਂ ਸੰਭਾਲਿਆ ਜਾਂਦਾ, ਇਸ ਉਪਰੰਤ ਬੀ.ਆਰ.ਪੀ. ਦੇ ਰਾਹੀਂ ਪ੍ਰਸ਼ਨ ਪੱਤਰਾਂ ਦਾ ਸਕੂਲਾਂ ਤੀਕ ਪਹੁੰਚਾਉਣਾ ਆਦਿ ਸ਼ਾਮਲ ਹੈ । ਇਹ ਗੱਲ ਵੀ ਧਿਆਨ ਵਿੱਚ ਆਈ ਹੈ ਕਿ ਬਹੁਤ ਸਾਰੇ ਬੀ.ਆਰ.ਪੀ. ਇਹ ਕਠਿਨਾਈ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੀ ਹਫਤਾਵਾਰ ਮੀਟਿੰਗ ਹਰ ਸ਼ੁਕਰਵਾਰ ਨੂੰ ਹੁੰਦੀ ਹੈ ਜਦੋਂ ਕਿ ਇਹ ਪ੍ਰਸ਼ਨ ਪੱਤਰ ਉਨ੍ਹਾਂ ਵੱਲੋ ਹਰ ਵੀਰਵਾਰ ਤੀਕ ਪਹੁੰਚਾਏ ਜਾਣੇ ਜ਼ਰੂਰੀ ਹੁੰਦੇ ਹਨ ।

3.0 ਉਪਰੋਕਤ ਨੂੰ ਮੁੱਖ ਰੱਖਦੇ ਹੋਇਆ ਹੇਠਾਂ ਲਿਖੇ ਫੈਸਲੇ ਕੀਤੇ ਜਾਂਦੇ ਹਨ :-

(1) ਮੁੱਖ ਦਫਤਰ ਦੁਆਰਾ ਪ੍ਰਸ਼ਨ ਪੱਤਰ ਵੀਰਵਾਰ ਦੀ ਬਜਾਏ ਹਰ ਬੁੱਧਵਾਰ ਨੂੰ ਜਿਲ੍ਹਾ ਹੈਡਕੁਆਟਰ ਤੀਕ ਪਹੁੰਚਾ ਦਿੱਤੇ ਜਾਣਗੇ । ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ ਸਿ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਇਹ ਪ੍ਰਸ਼ਨ ਪੱਤਰ ਪ੍ਰਾਪਤ ਕਰਨ ਲਈ ਮੁੱਖ ਦਫਤਰ ਨਾਲ ਤਾਲ ਮੇਲ ਰੱਖਣ ਅਤੇ ਇੱਕ ਅਫਸਰ ਨੂੰ ਨਾਮਜੱਦ ਕਰਨ ਜੋ ਹਰ ਬੁੱਧਵਾਰ ਨੂੰ ਜਿਲ੍ਹਾ ਪੱਧਰ ਤੇ ਮੌਜੂਦਤ ਰਹਿ ਕੇ ਇਹ ਪ੍ਰਸ਼ਨ ਪੱਤਰ ਪ੍ਰਾਪਤ ਕਰੇਗਾ । ਇਸ ਬਾਰੇ ਜੇ ਕਰ ਕੋਈ ਔਕੜ ਪੇਸ਼ ਆਉਂਦੀ ਹੈ ਤਾਂ ਉਹ ਸ੍ਰੀ ਵਿਜੈ ਕੌਸ਼ਨ, ਡਿਪਟੀ ਐਸ ਪੀ ਡੀ ਨੂੰ ਮੋਬਾਇਲ ਫੋਨ ਨੰ 9814741179 ਤੇ ਜਾਂ ਸ੍ਰੀਮਤੀ ਪਵਨ ਇੰਦਰ ਕੌਰ, ਏ.ਐਸ.ਪੀ.ਡੀ. ਮੈਥ ਸੈੱਲ ਨਾਲ ਮੋਬਾਇਲ ਨੰ 9872664077 ਤੇ ਤਾਲਮੇਲ ਕਰਨ ।

(2) ਕਿਸੀ ਵੀ ਸੂਰਤ ਵਿੱਚ ਸਕੂਲ ਦੇ ਅਧਿਆਪਕ ਨੂੰ ਕਿਸੀ ਥਾਂ ਤੋ ਪ੍ਰਸ਼ਨ ਪੱਤਰ ਇੱਕਠੇ ਕਰਨ ਲਈ ਨਾ ਕਿਹਾ ਜਾਵੇ ਅਤੇ ਹਰ ਸਕੂਲ ਵਿੱਚ ਪ੍ਰਸ਼ਨ ਪੱਤਰ ਬੀ.ਆਰ.ਪੀ. ਵੱਲੋਂ ਪਹੁੰਚਾਏ ਜਾਣ । ਜਿੱਥੇ ਕਿਸੀ ਬਲਾਕ ਦੇ ਵਿੱਚ ਬੀ.ਆਰ.ਪੀ. ਦੀ ਗਿਣਤੀ ਘੱਟ ਹੈ ਉੱਥੇ ਆਪਣੇ ਪੱਧਰ ਤੇ ਜਿਲਾ ਸਿੱਖਿਆ ਅਫਸਰ ਕਲਸਟਰ ਟੀਚਰ (ਸੀ.ਐਚ.ਟੀ.) ਦੀ ਆਪਣੇ ਆਪਣੇ ਕਲਸਟਰ ਵਿੱਚ ਪ੍ਰਸ਼ਨ ਪੱਤਰ ਵੰਡਣ ਲਈ ਡਿਊਟੀ ਲਗਾ ਸਕਦੇ ਹਨ, ਪਰੰਤੂ ਇਹ ਸਪਸਟ ਕੀਤਾ ਜਾਂਦਾ ਹੈ ਕਿ ਅਧਿਆਪਕ ਆਪਣੇ ਸਕੂਲ ਨੂੰ ਛੱਡ ਕੇ ਕਲਸਟਰ ਤੇ ਪ੍ਰਸ਼ਨ ਪੱਤਰ ਪ੍ਰਾਪਤ ਕਰਨ ਲਈ ਨਹੀਂ ਜਾਵੇਗਾ ।

(3) ਇਹ ਗੱਲ ਵੀ ਸਾਹਮਨੇ ਆਈ ਹੈ ਕਿ ਕਈ ਸਕੂਲਾਂ ਦੇ ਵਿੱਚ ਅਜੇ ਵੀ ਕਈ ਵਾਰੀ ਪ੍ਰਸ਼ਨ ਪੱਤਰਾ ਦੀ ਗਿਣਤੀ ਘੱਟ ਰਹਿ ਜਾਂਦੀ ਹੈ । ਇਹ ਜਿਲਾ ਸਿੱਖਿਆ ਅਫਸਰ ਵੱਲੋ ਵਿਦਿਆਰਥੀਆਂ ਦੀ ਪੂਰੀ ਪੂਰੀ ਗਿਣਤੀ ਨਾ ਦੱਸਣ ਕਰਕੇ ਹੋ ਰਿਹਾਂ ਹੈ । ਇਸ ਸਬੰਧ ਵਿੱਚ ਸਾਰੇ ਜਿਲ੍ਹਿਆ ਦੇ ਜਿਲਾ ਸਾਇੰਸ ਸੁਪਰਵਾਈਜਰਾਂ ਨੂੰ ਹਦਾਇਤਾ ਕੀਤੀਆ ਜਾਂਦੀਆਂ ਹਨ ਕਿ ਉਹ ਛੇਵੀਂ ਤੋ ਦਸਵੀਂ ਕਲਾਸ ਦੇ ਬੱਚਿਆਂ ਦੀ ਸਹੀ ਗਿਣਤੀ ਮੁੱਖ ਦਫਤਰ ਨੂੰ ਭੇਜਣ ਅਤੇ ਸ੍ਰੀ ਵਿਜੈ ਕੌਸ਼ਲ ਡਿਪਟੀ ਐਸ ਪੀ ਡੀ ਅਤੇ ਸ੍ਰੀਮਤੀ ਪਵਨ ਇੰਦਰ ਕੌਰ ਨੂੰ ਵੀ ਮੋਬਾਇਲ ਫੋਨ ਤੇ ਨੋਟ ਕਰਵਾ ਦੇਣ ।

(4) ਜਿੱਥੇ ਤੀਕ ਪੰਜਵੀਂ ਕਲਾਸ ਦੇ ਵਿਦਿਆਰਥੀਆਂ ਦਾ ਸਵਾਲ ਹੈ, ਇਸ ਬਾਰੇ ਸੂਚਨਾ ਜਿਲਾ ਸਿੱਖਿਆ ਅਫਸਰ (ਐ ਸਿ) ਆਪਣੀ ਪੱਧਰ ਤੇ ਇੱਕਠੀ ਕਰਨ ਉਪਰੰਤ ਸ੍ਰੀ ਵਿਜੈ ਕੌਸ਼ਲ ਨੂੰ ਅਤੇ ਸ੍ਰੀਮਤੀ ਪਵਨ ਇੰਦਰ ਕੌਰ ਨੂੰ ਨੋਟ ਕਰਵਾਉਣ ।

(5) ਇਹ ਸਪਸਟ ਕੀਤਾ ਜਾਂਦਾ ਹੈ ਕਿ ਬੱਚਿਆਂ ਦੀ ਗਿਣਤੀ ਵਿੱਚ ਫਰਕ ਲਈ ਜਿਲਾ ਸਿੱਖਿਆ ਅਫਸਰ (ਸੈ ਸਿ) ਅਤੇ (ਐ ਸਿ) ਦੀ ਜਿੰਮੇਵਾਰੀ ਹੋਵੇਗੀ । ਮੁੱਖ ਦਫਤਰ ਦੀ ਜਿੰਮੇਵਾਰੀ ਇਹ ਹੈ ਕਿ ਜਿਲਾ ਸਿੱਖਿਆ ਅਫਸਰ ਵੱਲੋ ਦਿੱਤੀ ਗਿਣਤੀ ਅਨੁਸਾਰ ਪ੍ਰਸ਼ਨ ਪੱਤਰ ਜਿਲ੍ਹਾ ਹੈਡਕੁਆਟਰ ਤੀਕ ਪਹੁੰਚਾਏ ਜਾਣੇ ਯਕੀਨੀ ਬਣਾਇਆ ਜਾਵੇਗਾ ।

(6) ਇਹ ਗੱਲ ਵੀ ਧਿਆਨ ਵਿੱਚ ਆਈ ਹੈ ਕਿ ਕਈ ਵਾਰੀ ਪ੍ਰਸ਼ਨ ਪੱਤਰ ਸਿਲੇਬਸ ਮੁਤਾਬਿਕ ਨਹੀਂ ਆਉਂਦੇ ਹਨ । ਇਸ ਪੂਰੇ ਮੁੱਦੇ ਨੂੰ ਮੁੱਖ ਦਫਤਰ ਵਿੱਚ ਨਿਮਨਹਸਤਾਖਰਿਤ ਵੱਲੋ ਘੋਖਿਆ ਗਿਆ ਹੈ । ਏ.ਐਸ.ਪੀ.ਡੀ. ਐਮ.ਸੀ. 1,2 ਅਤੇ 3 ਨੂੰ ਸਪਸਟ ਕਰ ਦਿੱਤਾ ਗਿਆ ਹੈ ਕਿ ਇਸ ਸਬੰਧ ਵਿੱਚ ਕੋਈ ਵੀ ਗਲਤੀ ਅੱਗੇ ਤੋ ਵਰਦਾਸਤ ਨਹੀਂ ਕੀਤੀ ਜਾਵੇਗਾ ਅਤੇ ਉਹ ਯਕੀਨੀ ਬਨਾਉਣ ਕਿ ਪ੍ਰਸ਼ਨ ਪੱਤਰ ਵਿੱਚ ਕੋਈ ਗਲਤੀ ਨਾ ਹੋਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ